# ਅਖੰਡ ਕੀਰਤਨੀ ਜਥਾ ਇੰਟਰਨੈਸ਼ਨਲ (ਰਜਿ:)

# Akhand Kirtani Jatha International (Regd.)

Head Office: Ranglay Sajjan Memorial Charitable Trust (Regd.), Chowk Baba Sahib, Sri Amritsar.
Mob: +919357723874
ਹੈਡ ਆਫਿਸ: ਰੰਗਲੇ ਸਜੱਣ ਮੈਮੋਰਿਅਲ ਚੈਰੀਟੇਬਲ ਟਰਸੱਟ (ਰਜਿ:), ਚੌਂਕ ਬਾਬਾ ਸਾਹਿਬ, ਸ੍ਰੀ ਅੰਮ੍ਰਿਤਸਰ
ਮੁੱਖ ਸੇਵਾਦਾਰ: ਜਥੇਦਾਰ ਭਾਈ ਬਖਸ਼ੀਸ਼ ਸਿੰਘ ਜੀ

ਸੇਵਾ ਵਿਖੇ,

ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਜੀ,

ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ,

ਸ੍ਰੀ ਅੰਮ੍ਰਿਤਸਰ ਸਾਹਿਬ।

<u>ਵਿਸ਼ਾ: ਤਖ਼ਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕ਼ਬਾਲ ਸਿੰਘ ਵਲੋਂ ਰਾਗਮਾਲਾ ਸਬੰਧੀ ਪੈਦਾ ਕੀਤੇ ਗਏ ਵਿਵਾਦ ਬਾਰੇ।</u>

ਸਤਿਕਾਰਯੋਗ ਸਿੰਘ ਸਾਹਿਬ ਜੀਉ,

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫ਼ਤਹਿ ॥

ਆਪ ਜੀ ਨੂੰ ਯਾਦ ਹੋਵੇਗਾ ਕਿ ਅਖੰਡ ਕੀਰਤਨੀ ਜਥੇ ਵਲੋਂ ੨੩ ਅਗਸਤ ੨੦੧੦ ਨੂੰ ਆਪ ਜੀ ਨੂੰ ਮਿਲ ਕੇ ਇਕ ਬੇਨਤੀ ਪੱਤਰ ਦਿਤਾ ਗਿਆ ਸੀ ਜਿਸ ਵਿਚ ਆਪ ਜੀ ਨੂੰ ਦਸਿਆ ਗਿਆ ਸੀ ਕਿ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿ: ਇਕਬਾਲ ਸਿੰਘ ਵਲੋਂ ਰਾਗਮਾਲਾ ਨਾ ਪੜਨ ਵਾਲਿਆਂ ਵਿਰੁਧ ਇਕ ਹੁਕਮਨਾਮਾ ਜਾਰੀ ਕਰਕੇ ਪੰਥ ਵਿਚ ਇਕ ਬੇਲੋੜਾ ਵਿਵਾਦ ਛੇੜ ਦਿੱਤਾ ਹੈ ਅਤੇ ਆਪ ਜੀ ਨੂੰ ਸਾਰੇ ਜਥੇ ਵਲੋਂ ਬੇਨਤੀ ਕੀਤੀ ਗਈ ਸੀ ਕਿ ਗਿ: ਇਕਬਾਲ ਸਿੰਘ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਤਲਬ ਕਰਕੇ ਗੁਰਮਤਿ ਅਨੁਸਾਰ ਢੁਕਵੀਂ ਸਜ਼ਾ ਦਿਤੀ ਜਾਵੇ।

ਇਕ ਸਾਲ ਦਾ ਸਮਾਂ ਬਤੀਤ ਹੋ ਗਿਆ ਹੈ ਅਤੇ ਇੰਜ ਜਾਪਦਾ ਹੈ ਕਿ ਆਪ ਜੀ ਵਲੋਂ ਇਸ ਸਬੰਧ ਵਿਚ ਕੋਈ ਠੋਸ ਕਾਰਵਾਈ ਨਹੀ ਕੀਤੀ ਗਈ ਕਿਓਂਕਿ ਗਿ: ਇਕਬਾਲ ਸਿੰਘ ਵਲੋਂ ਇਕ ਵਾਰ ਫੇਰ ਰਾਗਮਾਲਾ ਨੂੰ ਮੁਦਦਾ ਬਣਾ ਕੇ ਕੁਝ ਮਹੀਨੇ ਪਹਿਲੇ ਇਕ ਧਾਰਮਿਕ ਸਮਾਗਮ ਵਿਚ ਬੋਲਦੇ ਹੋਏ ਅਖੰਡ ਕੀਰਤਨੀ ਜਥੇ ਅਤੇ ਇਸ ਦੇ ਬਾਨੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਬਾਰੇ ਘਟੀਆ ਕਿਸਮ ਦੀ ਸ਼ਬਦਾਵਲੀ ਵਰਤਦੇ ਹੋਏ ਗਲਤ ਟਿਪਣੀਆ ਕੀਤੀਆਂ ਗਈਆਂ | ਇਸ ਬਾਰੇ ਦਾਸ ਨੇ ਆਪ ਜੀ ਨਾਲ ਫੋਨ ਤੇ ਵੀ ਗਲ ਬਾਤ ਕੀਤੀ ਸੀ ਅਤੇ ਏ-ਮੇਲ ਰਾਹੀਂ ਆਪ ਜੀ ਨੂੰ ਇਸ ਵੀਡੀਓ ਦਾ, ਜੋ ਕਿ ਇੰਟਰਨੈਟ ਤੇ ਪਈ ਹੈ, ਦਾ ਲਿੰਕ ਭੇਜਿਆ ਸੀ | ਗਿ: ਇਕਬਾਲ ਸਿੰਘ ਵਲੋਂ ਕੀਤੀ ਗਈ ਇਸ ਘਟੀਆ ਹਰਕਤ ਦੀ ਸਾਰੇ ਸੰਸਾਰ ਵਿਚ ਵਸਦੇ ਸਿੰਘਾਂ ਵਲੋਂ ਕੜੀ ਨਿੰਦਾ ਕੀਤੀ ਗਈ ਹੈ ਅਤੇ ਜ਼ੋਰਦਾਰ ਮੰਗ ਕੀਤੀ ਗਈ ਹੈ ਕਿ ਗਿ: ਇਕਬਾਲ ਸਿੰਘ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਤਲਬ ਕਰਕੇ ਉਸਦੇ ਵਿਰੁਧ ਗੁਰਮਤਿ ਅਨੁਸਾਰ ਬਣਦੀ ਕਾਰਵਾਈ ਕੀਤੀ ਜਾਵੇ | ਅਸੀਂ ਇਸ ਪੱਤਰ ਦੇ ਨਾਲ ਆਪ ਜੀ ਨੂੰ ਉਸ ਧਾਰਮਿਕ ਸਮਾਗਮ ਦੀ ਸੀ.ਡੀ ਵੀ ਦੇ ਰਹੇ ਹਾਂ ਤਾਂ ਜੋ ਆਪ ਇਸ ਨੂੰ ਵੇਖ ਅਤੇ ਸੁਣਕੇ ਕੋਈ ਫੈਸਲਾ ਲੈ ਸਕੋ |

ਅਸੀਂ ਆਪ ਜੀ ਨੂੰ ਦਸਣਾ ਚਾਹੁੰਦੇ ਹਾਂ ਕਿ ਗਿ: ਇਕਬਾਲ ਸਿੰਘ ਦੀ ਇਸ ਹਰਕਤ ਕਾਰਣ ਦੇਸ਼ ਵਿਦੇਸ਼ ਦੀ ਸੰਗਤਾਂ ਵਿਚ ਕਾਫੀ ਗੁੱਸਾ ਹੈ ਅਤੇ ਜੇ ਆਪ ਜੀ ਵਲੋਂ ਇਸ ਸਬੰਧ ਵਿਚ ਹੁਣ ਵੀ ਕੋਈ ਕਾਰਵਾਈ ਨਾ ਕੀਤੀ ਗਈ ਤਾਂ ਅਖੰਡ ਕੀਰਤਨੀ ਜਥਾ ਇਹ ਸਮਝੇਗਾ ਕਿ ਇਹ ਸਭ ਕੁਝ ਆਪ ਜੀ ਦੀ ਸਹਿਮਤੀ ਨਾਲ ਹੋ ਰਿਹਾ ਹੈ ਅਤੇ ਇਸ ਕਾਰਣ ਸਿਖ ਕੌਮ ਦੀ ਏਕਤਾ ਨੂੰ ਜੋ ਵੀ ਨੁਕਸਾਨ ਪਹੁੰਚੇਗਾ ਉਸ ਲਈ ਆਪ ਜੀ ਸਿਧੇ ਤੌਰ ਤੇ ਜਿਮੇਵਾਰ ਹੋਵੋਗੇ ਜਦੋਂ ਕਿ ਅਜ ਇਸ ਨਾਜ਼ੁਕ ਸਮੇਂ ਵਿਚ ਸਿਖ ਕੌਮ ਦਾ ਸਿਰ ਜੋੜਕੇ ਬੈਠਣ ਦਾ ਵੇਲਾ ਹੈ | ਅਖੰਡ ਕੀਰਤਨੀ ਜਥਾ ਆਪ ਜੀ ਕੋਲੋਂ ਸਚੀ ਸੁਚੀ ਕਾਰਵਾਈ ਦੀ ਆਸ ਕਰਦਾ ਹੈ |

ਪੰਥ ਦਾ ਦਾਸ,

੦੪.੦੮.੨੦੧੧

ਰਾਜਿੰਦਰ ਪਾਲ ਸਿੰਘ

ਰਾਜਿੰਦਰ ਪਾਲ ਸਿੰਘ
ਮੁਖ ਬੁਲਾਰਾ
ਅਖੰਡ ਕੀਰਤਨੀ ਜਥਾ ਇੰਟਰਨੈਸ਼ਨਲ

ਪੱਤਰਕਾ ਦਫ਼ਤਰ ਪਾਸ
ਨਿਜੀ ਸਹਾਇਕ
੫.੮.੧੧